

ਜਾਗ੍ਰਤੀ
ਦਸੰਬਰ, 1982
60 ਪੈਸੇ

# ਦੂਸਰਾ ਸਕੂਲ

— ਅਮਰਜੀਤ ਸਿੰਘ ਘਲਗੀਰ

ਜਿਉਂ ਹੀ ਰਾਤ ਹੋਣੀ ਸ਼ੁਰੂ ਹੁੰਦੀ, ਗੁਆਂ-ਢੀਆਂ ਦੇ ਨਿਆਣੇ ਦਾਦੀ ਮਾਂ ਦੇ ਮੰਜੇ ਕੋਲ ਝੁਰਮੁਟ ਪਾਉਣਾ ਸ਼ੁਰੂ ਕਰ ਦਿੰਦੇ। ਉਹ ਸਾਨੂੰ ਤਰ੍ਹਾਂ ਤਰ੍ਹਾਂ ਦੀਆਂ ਕਹਾਣੀਆਂ ਸੁਣਾਉਂਦੀ। ਕਈ ਤਾਂ ਰਾਜੇ ਰਾਣੀਆਂ ਦੀਆਂ ਹੁੰਦੀਆਂ ਅਤੇ ਕਈ ਗਰੀਬ ਲੋਕਾਂ ਦੀਆਂ। ਕਦੇ ਉਹ ਬੁਝਾਰਤਾਂ ਪਾਉਂਦੀ। ਅਸੀਂ ਸਾਰੇ ਰਲ ਕੇ ਆਪਣਾ ਆਪਣਾ ਦਿਮਾਗ ਲਗਾਉਂਦੇ ਅਤੇ ਹੱਲ ਲੱਭਣ ਲਈ ਕੋਸ਼ਿਸ਼ ਕਰਦੇ। ਜਦੋਂ ਸਭ ਥੱਕ ਜਾਂਦੇ ਤਾਂ ਉਹ ਆਪੇ ਹੀ ਜੁਆਬ ਦਸਦੀ। ਅਸੀਂ ਉਸਦੀ ਅਕਲ ਅਤੇ ਸਮਝ ਦੀ ਦਾਦ ਦਿੱਤੇ ਬਗੈਰ ਨਾ ਰਹਿ ਸਕਦੇ।

ਕਦੇ ਕਦੇ ਦਾਦੀ ਮਾਂ ਭੂਤ ਪ੍ਰੇਤਾਂ ਦੀਆਂ ਕਹਾਣੀਆਂ ਸੁਣਾਂਦੀ। ਜਦੋਂ ਅੰਧੇਰਾ ਜ਼ਾਇਦਾ ਹੋ ਜਾਂਦਾ ਤਾਂ ਅਸੀਂ ਆਪੋ ਆਪਣੇ ਪਰਛਾਵਿਆਂ ਤੋਂ ਵੀ ਡਰਨ ਲਗਦੇ। ਕਈ ਵਾਰ ਤਾਂ ਡਰਦੇ ਮਾਰੇ ਉਸਦੇ ਬਿਸਤਰੇ ਤੇ ਹੀ ਸੌਂ ਜਾਂਦੇ ਤਾਂ ਕਿ ਕੋਈ ਭੂਤ ਪਰੇਤ ਘਰ ਜਾਂਦੇ ਨੂੰ ਨਾ ਪਕੜ। ਲਏ। ਜਦੋਂ ਉਸਨੇ ਸੌਣਾ ਹੁੰਦਾ ਤਾਂ ਸਦਾ ਕਹਿੰਦੀ, "ਇੰਨੀ ਮੇਰੀ ਬਾਤ, ਉਪਰੋਂ ਪਈ ਰਾਤ।" ਇਹ ਸੁਣ ਕੇ ਬੱਚੇ ਊਂਘਦੇ ਊਂਘਦੇ ਉਠਦੇ ਅਤੇ ਡਗਮਗਾਉਂਦੇ ਆਪੋ ਆਪਣੇ ਘਰੀਂ ਚਲ ਪੈਂਦੇ। ਕਈ ਵਾਰ ਤਾਂ ਉਨ੍ਹਾਂ ਦੀਆਂ ਮੰਜੇ ਕੋਲੋਂ ਆਪੋ ਆਪਣੇ ਨਿਆਣੇ ਲੈਣ ਲਈ ਪਹੁੰਚ ਜਾਂਦੇ ਪਰ ਅਸੀਂ ਸਭ ਚੁੰਬਕ ਦੀ ਤਰਾਂ ਦਾਦੀ ਮਾਂ ਦਾ ਪਿੱਛਾ ਨਾ ਛੱਡਦੇ।

ਮੈਂ ਦਾਦੀ ਨਾਲ ਬੜਾ ਪਿਆਰ ਕਰਦਾ ਉਹ ਵੀ ਬੇਹੱਦ ਲਾਡ ਕਰਦੀ ਅਤੇ ਹਮੇਸ਼ਾ ਰਾਤ ਨੂੰ ਆਪਣੇ ਨਾਲ ਸੁਆਂਦੀ। ਮੇਰੀ ਪੜ੍ਹਾਈ ਦਾ ਪੂਰਾ ਧਿਆਨ ਰੱਖਦੀ। ਕਦੇ ਕਦੇ ਸਕੂਲ ਦੇ ਅਧਿਆਪਕਾਂ ਦੇ ਵਰਤਾਉ ਵਾਰੇ ਪੁੱਛਦੀ। ਮੇਰੇ ਮਾੜੇ ਸਰੀਰ ਨੂੰ ਦੇਖ ਕੇ ਮੇਰੇ ਪਿਤਾ ਜੀ ਨੂੰ ਛੁੱਟੀ ਆਏ ਸਮੇਂ ਬਦਾਮ ਖਰੀਦ ਕੇ ਲਿਆਉਣ ਲਈ ਵਰਜਦੀ। ਮੈਂ ਖਾਣਾ ਵੀ ਉਸੇ ਨਾਲ ਹੀ ਖਾਂਦਾ ਅਤੇ ਉਹ ਜਾਣ ਬੁਝ ਕੇ ਜ਼ਾਇਦਾਂ ਮੱਖਣ ਮੇਰੇ ਮੂੰਹ ਵਿਚ ਦੇਂਦੀ।

ਕਦੇ ਕਦੇ ਉਹ ਮੈਨੂੰ ਸਕੂਲੋਂ ਗਣਿਤ ਦੇ ਮਿਲੇ ਸੁਆਲਾਂ ਨੂੰ ਆਪਣੇ ਸਾਹਮਣੇ ਕੱਢਣ ਲਈ ਆਖਦੀ। ਮੈਂ ਰੋਜ਼ ਸਕੂਲ ਤੋਂ ਵਾਪਸ ਆ ਕੇ ਇਕ ਵਾਰ ਉਸ ਨੂੰ ਮੁਹਾਰਨੀ ਸੁਣਾਂਦਾ। ਉਹ ਬੜੇ ਧਿਆਨ ਨਾਲ ਮੁਹਾਰਨੀ ਸੁਣਦੀ ਅਤੇ ਜਿਥੇ ਕਿਤੇ ਮੈਂ ਗਲਤ ਬੋਲਦਾ, ਉੱਥੇ ਝੱਟ ਰੋਕ ਲੈਂਦੀ ਅਤੇ ਖੁੱਦ ਦਰੁਸਤ ਕਰਕੇ ਦੁਹਰਾਉਂਦੀ। ਉਹ ਕਦੇ ਸਕੂਲ ਨਹੀਂ ਗਈ ਸੀ ਪਰ ਅਭਿਆਸ ਨਾਲ ਹੀ ਥੋੜੀ ਬਹੁਤ ਗਿਣਤੀ ਕਰਨੀ ਸਿਖ ਗਈ ਸੀ।

ਮੈਂ ਉਦੋਂ ਚੌਥੀ ਜਮਾਤ ਵਿਚ ਪੜ੍ਹਦਾ ਸਾਂ। ਸਕੂਲ ਪਿੰਡ ਦੇ ਬਾਹਰ ਸੀ। ਸਕੂਲੋਂ ਆ ਕੇ ਨਿੱਤ ਨੇਮ ਘਰ ਨੂੰ ਦਿੱਤੇ ਪਾਠ ਅਤੇ ਅਭਿਆਸਾਂ ਨੂੰ ਪੂਰਾ ਕਰਦਾ। ਉਹ ਮੇਰੇ ਕੰਮ ਤੇ ਸਖਤ ਨਿਗਰਾਨੀ ਰੱਖਦੀ ਅਤੇ ਜੇ ਕਦੇ ਮੈਂ ਟੇਡਾ ਹੋ ਕੇ ਬੈਠਿਆ ਹੁੰਦਾ ਤਾਂ ਸਿੱਧਾ ਕਰਕੇ ਬਿਠਾ ਦੇਂਦੀ। ਮੈਨੂੰ ਕਦੇ ਮਹਿਸੂਸ ਨਹੀਂ ਹੋਇਆ ਸੀ ਕਿ ਉਹ ਮੇਰੀ ਦਾਦੀ ਮਾਂ ਹੈ ਕਿ ਬੀਬੀ।

ਮੇਰੀ ਸੰਗਤ ਦਾ ਖਾਸ ਧਿਆਨ ਕਰਦੀ। ਜੇ ਕਦੇ ਮੈਨੂੰ ਬੁਰੇ ਬੱਚਿਆਂ ਨਾਲ ਘੁੰਮਦਾ ਦੇਖ ਲੈਂਦੀ ਤਾਂ ਉਸਦਾ ਪਾਰਾ ਬਹੁਤ ਚੜ੍ਹ ਜਾਂਦਾ। ਕੰਨ ਮਰੋੜ ਕੇ ਸਮਝਾਉਂਦੀ ਅਤੇ ਬੁਰੀ ਸੰਗਤ ਦੇ ਪਰਭਾਵਾਂ ਤੋਂ ਜਾਣੂ ਕਰਵਾਉਂਦੀ। ਮੈਂ ਉਸਦੀ ਹਰ ਗਲ ਸਹੀ ਸਮਝ ਕੇ ਅਪਣਾ ਲੈਂਦਾ।

"ਮਾਂ, ਤੈਨੂੰ ਅਸੀਂ ਦਾਦੀ ਮਾਂ ਕਿਉਂ ਕਹਿੰਦੇ ਹਾਂ?" ਇਕ ਦਿਨ ਮੈਂ ਉਸਨੂੰ ਸਹਿਜ ਸੁਭਾ ਨਾਲ ਪੁੱਛਿਆ!

ਉਹ ਬੋਲੀ, "ਬੇਟਾ ਅਸਲ ਵਿਚ ਮੈਂ ਤੇਰੀ ਪੜਦਾਦੀ ਲਗਦੀ ਹਾਂ ਪਰ ਆਮ ਤੌਰ ਤੇ ਮੇਰੇ ਵਰਗੀਆਂ ਬਜ਼ੁਰਗ ਤੀਵੀਆਂ ਨੂੰ ਲੋਕ ਦਾਦੀ ਮਾਂ ਹੀ ਕਹਿੰਦੇ ਹਨ। ਪਹਿਲੇ ਨੰਬਰ ਤੇ ਤੇਰੀ ਬੀਬੀ ਹੋਈ ਦੂਸਰੇ ਨਬਰ ਤੇ ਤੇਰੀ ਦਾਦੀ ਜਾਣੀ ਕਿ ਤੇਰੇ ਪਿਤਾ ਦੀ ਮਾਂ ਅਤੇ ਤੀਸਰੇ ਨੰਬਰ ਤੇ ਪੜ੍ਹਦਾਦੀ ਹੁੰਦੀ ਹੈ ਜਾਣੀ ਕਿ ਤੇਰੇ ਪਿਤਾ ਦੀ ਦਾਦੀ। ਸੋ ਤੂੰ ਤੇ ਮੇਰਾ ਪੜੋਤਾ ਹੋਇਆ।

"ਫਿਰ ਤੇ ਮਾਂ ਤੇਰੀ ਬਹੁਤ ਉਮਰ ਹੋਵੇਗੀ, "ਮੈਂ ਪੁੱਛਿਆ।

"ਹਾਂ, ਕਾਕਾ! ਅਸੀਂ ਕੋਈ ਹੁਣ ਦੇ ਜ਼ਮਾਨੇ ਦੇ ਥੋਹੜੇ ਹਾਂ। ਮੇਰੀ ਉਮਰ ਦੇ ਤਾਂ ਦਰਖਤ ਵੀ ਸੁੱਕ ਗਏ ਹਨ," ਉਸ ਨੇ ਗੰਭੀਰਤਾ ਨਾਲ ਉੱਤਰ ਦਿੱਤਾ।

"ਮਾਂ, ਤੁਹਾਡੇ ਵੇਲਿਆਂ ਦੇ ਕਿਹੜੇ ਦਰੱਖਤ ਸਨ?" ਮੈਂ ਪੁੱਛਦਾ।

"ਇਕ ਤਾਂ ਆਪਣੀ ਹਵੇਲੀ ਦੇ ਸਾਹਮਣੇ ਹੁੰਦਾ ਸੀ। ਇਕ ਪਿੰਡ ਦੇ ਬਰੀਮੇ ਤੇ ਬੜਾ ਵੱਡਾ ਪੇੜ ਸੀ। ਬਸ, ਔਹ ਜੋ ਪਿੱਪਲ ਹੈ, ਉਹ ਸ਼ਾਇਦ ਮੇਰੀ ਉਮਰ ਦਾ ਹੋਣਾ ਹੈ। ਜਦੋਂ ਮੈਂ ਇਸ ਘਰ ਆਈ ਸਾਂ ਤਾਂ ਉਸ ਵੇਲੇ ਇਹ ਛੋਟਾ ਜਿਹਾ ਬੂਟਾ ਸੀ," ਉਸਨੇ ਮੇਰੇ ਮੂੰਹ ਤੇ ਹੱਥ ਫੇਰਦੇ ਜੁਆਬ ਦਿਤਾ।

"ਫਿਰ ਵੀ ਮਾਂ ਤੇਰੀ ਕਿੰਨੀ ਕੁ ਉਮਰ ਹੋਵੇਗੀ? ਪਿੱਪਲ ਤਾਂ ਮਸਾਂ 30-40 ਸਾਲ ਦਾ ਹੋਵੇਗਾ," ਮੈਂ ਭੋਲੇਪਨ ਨਾਲ ਪੁੱਛਦਾ।

"ਹੈਂ!" ਉਹ ਮੈਨੂੰ ਹੈਰਾਨ ਹੋ ਕੇ ਦੇਖਦੀ। "ਸੌ ਸਾਲ ਤੋਂ ਘੱਟ ਨਹੀਂ ਹੋਣਾ ਇਹ ਪਿੱਪਲ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਮੈਂ 17-18 ਸਾਲ ਦੀ ਹੋਈ ਹੋਵਾਂਗੀ, ਉਸ ਨੇ ਉਤਰ ਦਿਤਾ।

"ਅੱਛਾ! ਫਿਰ ਤੇ ਤੁਸੀਂ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਦੇਖਿਆ ਹੋਵੇਗਾ। ਉਹ ਕਿਹੋ ਜਿਹਾ ਸੀ? ਮੈਂ ਹੋਰ ਹੈਰਾਨ ਹੋ ਕੇ ਪੁੱਛਦਾ।

"ਅੱਜ ਵਾਂਗ ਠਗੀ ਚੋਰੀ ਨਹੀਂ ਸੀ ਉਸ ਵੇਲੇ। ਹੁਣ ਤੂੰ ਸੌਂ ਜਾ। ਕਾਫੀ ਰਾਤ ਗੁਜ਼ਰ ਗਈ ਹੈ, ਦਾਦੀ ਮਾਂ ਆਵਾਸੀਆਂ ਲੈਂਦੀ ਬੋਲੀ। ਮੈਂ ਕਈ ਦੇਰ ਤਕ ਚੰਦ ਅਤੇ ਤਾਰਿਆਂ ਵਲ ਵੇਖਦਾ ਰਹਿੰਦਾ। ਕਈ ਕਈ ਘੰਟੇ ਨੀਂਦ ਨਾ ਆਉਂਦੀ। ਕਦੇ ਕਦੇ ਮਨ ਕਰਦਾ ਕਿ ਦਾਦੀ ਮਾਂ ਨੂੰ ਫਿਰ ਜਗਾ ਕੇ ਉਮਰ ਪੁੱਛਾਂ ਪਰ ਉਹ ਗੂਹੜੀ ਨੀਂਦ ਵਿਚ ਸੁੱਤੀ ਹੁੰਦੀ।

ਸੁੱਤੇ ਹੋਏ ਜੇ ਕਦੇ ਮੇਰੇ ਉਪਰੋਂ ਚਾਦਰ ਜਾਂ ਖੇਸ ਉਤਰਿਆ ਮਹਿਸੂਸ ਕਰਦੀ ਤਾਂ ਉਹ ਝੱਟ ਸਰੀਰ ਨੂੰ ਢੱਕ ਦਿੰਦੀ। ਜਿਉਂ ਹੀ ਕੁੱਕੜ ਪਹਿਲੀ ਬਾਂਗ ਦਿੰਦਾ, ਉਹ ਜਾਗ ਪੈਂਦੀ। ਨਹਾਂ ਧੋ ਕੇ ਜਪੁਜੀ ਸਾਹਿਬ ਦਾ ਪਾਠ ਪੜ੍ਹਦੀ ਫਿਰ ਘਰ ਦੇ ਕੰਮ ਵਿਚ ਡਟ ਜਾਂਦੀ। ਸਰਦੀਆਂ ਹੋਣ ਜਾਂ ਗਰਮੀਆਂ, ਮੀਂਹ ਹੋਵੇ ਜਾਂ ਝੱਖੜ ਮਾਂ ਦਾ ਨਿੱਤ ਨੇਮ ਕਦੇ ਨਾ ਟੁੱਟਦਾ।

ਜ਼ਾਇਦਾ ਉਮਰ ਹੋਣ ਕਰਕੇ ਉਸਦਾ ਸਾਰਾ ਮੂੰਹ ਅਤੇ ਸਰੀਰ ਝੁਰੜੀਆਂ ਨਾਲ ਭਰਿਆ ਹੋਇਆ ਸੀ। ਕਦੇ ਕਦੇ ਉਹ ਪਰਮਾਤਮਾ

ਅਗ ਬੇਨਤੀ ਕਰਦੀ ਕਿ ਉਹ ਹੁਣ ਉਸਨੂੰ ਆਪਣੇ ਪਾਸ ਬੁਲਾ ਲਵੇ ।

"ਮਾਂ ਜੇ ਤੂੰ ਰੱਬ ਦੇ ਘਰ ਚਲੀ ਗਈ ਤਾਂ ਫਿਰ ਅਸੀਂ ਕਿੱਥੇ ਜਾਵਾਂਗੇ ? ਮੈਂ ਕਿਸ ਕੋਲ ਸੋਇਆ ਕਰਾਂਗਾ ? ਮੈਂ ਇਕ ਦਿਨ ਰੋਣ ਹਾਕਾ ਮੂੰਹ ਬਣਾ ਕੇ ਪੁੱਛਿਆ ।

"ਤੂੰ ਮੇਰੇ ਜਾਣ ਤੋਂ ਬਾਅਦ ਆਪਣੀ ਬੀਬੀ ਕੋਲ ਸੋਇਆ ਕਰੀਂ," ਉਹ ਮੇਰੇ ਸਿਰ ਤੇ ਹੱਥ ਰੱਖ ਕੇ ਅਤੇ ਚੁੰਮਦੀ ਜੁਆਬ ਦਿੰਦੀ ।

"ਨਹੀਂ ਮਾਂ, ਮੈਂ ਤੈਨੂੰ ਰੱਬ ਕੋਲ ਨਹੀਂ ਜਾਣ ਦੇਵਾਂਗਾ ਅਤੇ ਨਾਂ ਹੀ ਮੈਂ ਕਿਸੇ ਹੋਰ ਨਾਲ ਸੋਵਾਂਗਾ, ਮੈ ਅੜੀ ਕਰਦਾ ਬੋਲਦਾ ।

"ਅੱਛਾ ਬਾਬਾ, ਮੈਂ ਨਹੀਂ ਮਰਦੀ । ਤੂੰ ਸੌਂ ਜਾ," ਉਹ ਦਿਲਾਸਾ ਦਿੰਦੀ ਬੋਲਦੀ ।

ਹੁਣ ਦਾਦੀ ਮਾਂ ਨੇ ਮੈਨੂੰ ਗੁਰਬਾਣੀ ਦਾ ਪਾਠ ਸਿਖਾਉਣਾ ਸ਼ੁਰੂ ਕਰ ਦਿੱਤਾ । ਉਹ ਸ਼ਾਮ ਨੂੰ ਗੁਰੂਆਂ ਦੀਆਂ ਜੀਵਨੀਆਂ ਵੀ ਸੁਨਾਣ ਲਗ ਪਈ । ਅਸੀਂ ਗੁਰੂਆਂ ਦੇ ਕਾਰਨਾਮਿਆਂ ਨੂੰ ਸੁਣ ਕੇ ਦੰਗ ਰਹਿ ਜਾਂਦੇ । ਫਿਰ ਉਹ ਆਪਣੀ ਬਰਾਦਰੀ ਦੀਆਂ ਗੱਲਾਂ ਸੁਣਾਂਦੀ ਅਤੇ ਇਸਦੀ ਇੱਜ਼ਤ ਨੂੰ ਬਚਾਉਣ ਲਈ ਹਰ ਤਰਾਂ ਦੀ ਕੁਰਬਾਨੀ ਦੇਣ ਲਈ ਪ੍ਰੇਰਨਾ ਦਿੰਦੀ । ਹੁਣ ਤਕ ਸਾਨੂੰ ਸਭ ਨੂੰ ਪਤਾ ਲਗ ਚੁੱਕਾ ਸੀ ਕਿ ਕੌਣ ਰਾਜਪੂਤ ਹੁੰਦੇ ਹਨ, ਜੱਟ ਕੌਣ ਹੁੰਦੇ ਹਨ, ਸੈਣੀ ਕੌਣ ਹੁੰਦੇ ਹਨ ਭੰਗੀ ਨਾਈ ਆਦਿਕ ਕੌਣ ਹੁੰਦੇ ਹਨ ਅਤੇ ਕੀ ਕੀ ਕਿੱਤਾ ਕਰਦੇ ਕਨ । ਅਸੀਂ ਆਪੋ ਆਪਣੀ ਬਰਾਦਰੀ ਵਾਰੇ ਬੜੇ ਮਾਣ ਨਾਲ ਗੱਲਾਂ ਕਰਦੇ ।

"ਮਾਂ ਹਰੀਜਨ ਕੌਣ ਹੁੰਦੇ ਹਨ ?" ਮੈਂ ਅਜ ਸਕੂਲੋਂ ਆਕੇ ਬਸਤਾ ਉਤਾਰ ਕੇ ਪਹਿਲਾ ਸੁਆਲ ਦਾਦੀ ਮਾ ਨੂੰ ਕੀਤਾ ।

"ਬੇਟਾ, ਤੂੰ ਪਹਿਲਾਂ ਨਹਾ ਧੋ ਲੈਅ, ਫਿਰ ਮਾਂ ਪੁੱਤ ਖਾਣਾ ਖਾਵਾਂਗੇ ਅਤੇ ਬਾਅਦ ਵਿਚ ਤੂੰ ਸੁਆਲ ਜੁਵਾਬ ਕਰੀਂ । ਤੈਨੂੰ ਅੱਜਕਲ ਸੁਆਲ ਕਰਨ ਦੀ ਬੜੀ ਆਦਤ ਪੈਂਦੀ ਜਾ ਰਹੀ ਹੈ," ਦਾਦੀ ਮਾਂ ਘੂਰਦੀ ਬੋਲੀ ।

"ਮਾਂ, ਕੀ ਸਵਾਲ ਨਹੀਂ ਪੁੱਛਣੇ ਚਾਹੀਦੇ ? ਮੈਂ ਛੇਤੀ ਛੇਤੀ ਨਹਾ ਧੋ ਕੇ ਮਾਂ ਕੋਲੋਂ ਪੁੱਛਿਆ ।

"ਹੁਣ ਤੂੰ ਖਾਣਾ ਖਾ ਲੈਅ । ਥੋੜਾ ਆਰਾਮ ਕਰ ਲੈਅ । ਫਿਰ ਸਕੂਲ ਦਾ ਕੰਮ ਕਰੀਂ," ਮਾਂ ਨੇ ਗੱਲ ਬਦਲਾਉਂਦੇ ਉੱਤਰ ਦਿੱਤਾ ।

ਰੋਜ ਵਾਂਗ ਅਜ ਵੀ ਸ਼ਾਮ ਹੋ ਗਈ ਸੀ, ਦਾਦੀ ਦੇ ਕਹੇ ਅਨੁਸਾਰ ਮੈਂ ਗੁਰਬਾਣੀ ਦਾ ਪਾਠ ਖਤਮ ਕਰ ਚੁੱਕਾ ਸਾਂ । ਗਆਂਢੀਆਂ ਦੇ ਬੱਚੇ ਮਾਂ ਦੀਆਂ ਕਹਾਣੀਆਂ ਅਤੇ ਬੁਝਾਰਤਾਂ ਸੁਣ ਕੇ ਆਪੋ ਆਪਣੇ ਘਰੀਂ ਚਲੇ ਗਏ ਸਨ । ਮਾਂ ਨੂੰ ਨੀਂਦ ਆ ਰਹੀ ਸੀ ਪਰ ਮੈਂ ਸੁਆਲ ਕੀਤੇ ਬਗੈਰ ਨਹੀਂ ਰਹਿ ਸਕਿਆ ।

"ਮਾਂ,, ਮੈਂ ਉਸਦੀ ਛਾਤੀ ਤੇ ਹੱਥ ਰੱਖਦੇ ਬੋਲਿਆ । "ਮਾਂ, ਅੱਜ ਅਧਿਆਪਕ ਨੇ ਦੱਸਿਆ ਕਿ ਸਾਡੇ ਦਸਵੇਂ ਗੁਰੂ ਨੇ ਵਿਸਾਖੀ ਵਾਲੇ ਦਿਨ ਖਾਲਸਾ ਪੰਥ ਦੀ ਨੀਂਹ ਰੱਖੀ ਸੀ ।ਖਾਲਸਾ ਪੰਥ ਸਾਜ ਕੇ ਜਾਤ ਪਾਤ ਦਾ ਨਾਸ਼ ਕੀਤਾ ਅਤੇ ਇਸ ਸਮਾਜਿਕ ਕੁਰੀਤ ਨੂੰ ਜੜੋਂ ਪੱਟ ਦਿੱਤਾ । ਫਿਰ ਮਾਂ, ਅਸੀਂ ਆਪੋ ਆਪਣੀ ਬਰਾਦਰੀ ਨੂੰ ਕਿਉਂ ਮੰਨਦੇ ਹਾਂ ?" ਮੈਂ ਪੁੱਛਿਆ।

"ਕਿਉਂ ਨਹੀਂ ਕਾਕਾ, ਆਪਣੀ ਬਰਾਦਰੀ ਤੇ ਲਾਜ ਕਰਨਾ ਅਤੇ ਉਸ ਲਈ ਮਰ ਮਿਟ ਜਾਣਾ ਤਾਂ ਸਾਡਾ ਧਰਮ ਹੈ । ਗੁਰੂ ਮਹਾਰਾਜ ਨੇ ਸਾਨੂੰ ਸਭ ਨੂੰ ਇਹੀ ਸਿਖਿਆ ਦਿੱਤੀ ਹੈ," ਮਾਂ ਆਪਣੀ ਸਫਾਈ ਪੇਸ਼ ਕਰਦਿਆਂ ਬੋਲੀ ।

"ਮਾਂ, ਮੈਨੂੰ ਸਮਝ ਨਹੀਂ ਆਉਂਦੀ ਕਿ ਸਾਨੂੰ ਸਕੂਲ ਦੇ ਅਧਿਆਪਕ ਦੀਆਂ ਗੱਲਾਂ ਠੀਕ ਮੰਨਣੀਆਂ ਚਾਹੀਦੀਆਂ ਹਨ ਕਿ ਤੁਹਾਡੀਆਂ," ਮੈਂ ਜਰਾ ਭੜ੍ਹਕ ਕੇ ਬੋਲਿਆ ।

ਮੇਰੀ ਉੱਚੀ ਅਵਾਜ਼ ਨੂੰ ਸੁਣ ਕੇ ਦਾਦੀ ਮਾਂ ਇਕ ਦਮ ਚੁੱਪ ਹੋ ਗਈ । ਉਸਨੇ ਮੈਨੂੰ ਆਪਣੀ ਗੋਦੀ ਵਿਚ ਉਠਾ ਲਿਆ ਅਤੇ ਸਿਰ ਤੇ ਹੱਥ ਫੇਰ ਕੇ ਪਿਆਰ ਕਰਨ ਲਗੀ । ਕਾਫੀ ਰਾਤ ਗੁਜ਼ਰ ਗਈ ਪਰ ਫਿਰ ਵੀ ਉਸਦੀਆਂ ਅੱਖਾਂ ਖੁਲ੍ਹੀਆਂ ਦੀਆਂ ਖੁਲ੍ਹੀਆਂ ਹੀ ਸਨ ।

---

(ਪੰਨਾ 45 ਦੀ ਬਾਕੀ)

ਭਾਰਤੀ ਅਨੁਭਵ :

ਬੱਚਿਆਂ ਦੇ ਵਿਕਾਸ ਸਬੰਧੀ ਚਲਾਈ ਗਈ ਸਕੀਮ ਦਾ ਡਾਕਟਰੀ ਵਿਗਿਆਨਾਂ ਬਾਰੇ ਭਾਰਤੀ ਸੰਸਥਾ ਅਤੇ ਕੁਝ ਮੈਡੀਕਲ ਕਾਲਜਾਂ ਵਲੋਂ ਕੀਤਾ ਗਿਆ ਸਰਵੇਖਣ ਇਹ ਦਰਸਾਉਂਦਾ ਹੈ ਕਿ ਇਸ ਸਕੀਮ ਦਾ ਬਹੁਤ ਹੀ ਹਾਂ-ਪੱਖੀ ਅਸਰ ਪਿਆ ਹੈ । ਇਹ ਵੇਖਣ ਵਿਚ ਆਇਆ ਹੈ ਕਿ ਪੇਂਡੂ, ਅਤੇ ਸ਼ਹਿਰੀ ਇਲਾਕਿਆਂ ਵਿਚ, ਜਿਥੇ ਇਹ ਪ੍ਰਾਜੈਕਟ ਸ਼ੁਰੂ ਕੀਤੇ ਗਏ ਹਨ । ਖਾਸ ਕਰਕੇ ਤਿੰਨ ਸਾਲਾਂ ਤੋਂ ਹੇਠ ਦੀ ਉਮਰ ਦੇ ਬੱਚਿਆਂ ਉਪਰ ਬਹੁਤ ਚੰਗਾ ਪ੍ਰਭਾਵ ਪਿਆ ਹੈ । ਇਸ ਤਰ੍ਹਾਂ ਵੇਖਿਆ ਗਿਆ ਹੈ ਕਿ ਵਿਟਾਮਿਨ ਏ ਦੇਣ ਨਾਲ 1 ਤੋਂ 5 ਸਾਲ ਤੱਕ ਦੀ ਉਮਰ ਦੇ ਬੱਚਿਆਂ ਵਿਚ ਅੰਨ੍ਹੇਪਣ ਦੀ ਦਰ ਪਹਿਲਾਂ ਨਾਲੋਂ ਕਾਫੀ ਘਟੀ ਹੈ । ਪਰ ਏਨੇ ਵੱਡੇ ਮੁਲਕ ਵਿਚ ਜਿਥੋਂ ਦੀ ਅੱਧੀ ਤੋਂ ਜ਼ਿਆਦਾ ਵਸੋਂ ਗਰੀਬੀ ਦੀ ਰੇਖਾਂ ਤੋਂ ਹੇਠਾਂ ਨਿਰਬਾਹ ਕਰ ਰਹੀ ਹੋਵੇ, ਸਿਰਫ਼ 200 ਪ੍ਰਾਜੈਕਟ ਕਾਫੀ ਨਹੀਂ । ਬੱਚਿਆਂ ਦੇ ਵਿਕਾਸ ਸਬੰਧੀ ਇਸ ਸੰਸਥਾ ਨੂੰ ਇਹ ਜਤਨ ਕਰਨੇ ਚਾਹੀਦੇ ਹਨ ਕਿ ਇਸ ਦੇ ਪ੍ਰੋਗਰਾਮ ਆਮ ਲੋਕਾਂ ਤਕ ਪਹੁੰਚ ਸਕਣ ਅਤੇ ਲੋਕਾਂ ਨੂੰ ਚਾਹੀਦਾ ਹੈ ਕਿ ਉਹ ਵੱਖ ਵੱਖ ਸਕੀਮਾਂ ਲਾਗੂ ਕਰਨ ਵਿਚ ਸਰਕਾਰ ਦਾ ਸਾਥ ਦੇਣ ਕਿਉਂ ਕਿ ਇੱਕਲੀ ਸਰਕਾਰ ਇੱਕਲੀ ਹੇਠਲੇ ਪੱਧਰ ਤੱਕ ਨਹੀਂ ਪੁਜ ਸਕਦੀ ।

ਭਾਰਤ ਵਿਚ ਅਤੇ ਖਾਸ ਕਰਕੇ ਪੇਂਡੂ ਭਾਰਤ ਵਿਚ ਇਹ ਬਹੁਤ ਜ਼ਰੂਰੀ ਹੈ ਕਿ ਗਰੀਬੀ ਖਿਲਾਫ਼ ਲੜੀ ਜਾ ਰਹੀ ਜੰਗ ਦੇ ਨਾਲ ਖਾਣ ਪੀਣ ਬਾਰੇ ਵੀ ਵਿਦਿਆ ਦੇਣੀ ਬਹੁਤ ਜ਼ਰੂਰੀ ਹੈ । ਮਦਰਾਏ ਵਿਚ ਹੋਏ ਇਟ ਸਰਵੇ ਦੇ ਅਧਾਰ ਤੇ ਇਕ ਮਾਹਿਰ ਦਾ ਕਹਿਣਾ ਹੈ ਕਿ ਵਿਟਾਮਿਨ ਏ ਦੀ ਘਾਟ ਦੇ ਹੋਰ ਕੁਝ ਨਹੀਂ ਤਾਂ ਦਰਖ਼ਤਾਂ ਦੇ ਕੁਝ ਹਰੇ ਪੱਤੇ ਖਾ ਕੇ ਹੀ ਪੂਰੀ ਕੀਤੀ ਜਾ ਸਕਦੀ ਹੈ ਅਤੇ ਵਿਟਾਮਿਨ ਏ ਨੂੰ ਸਰੀਰ ਵਚ ਜਮਾਂ ਵੀ ਕੀਤਾ ਜਾ ਸਕਦਾ ਹੈ ।

ਉਂਜ ਤਾਂ ਅੰਨ੍ਹੇਪਣ ਨੂੰ ਦੂਰ ਕਰਨ ਲਈ ਸਮੁਚੀਆਂ ਆਰਥਿਕ ਅਤੇ ਸਮਾਜਿਕ ਹਾਲਤਾਂ ਵਿਚ ਸੁਧਾਰ ਲਿਆਉਣ ਦੀ ਲੋੜ ਹੈ ਪਰ ਇਸ ਨੂੰ ਰੋਕਣ ਲਈ ਹੋਰ ਜਤਨ ਕਰਨੇ ਵੀ ਜ਼ਰੂਰੀ ਹਨ । ਛੇਵੀਂ ਪੰਜ ਸਾਲਾ ਯੋਜਨਾ ਦੌਰਾਨ ਲੋਕ ਦੀ ਸਿਹਤ ਸਬੰਧੀ ਰੱਖੇ ਗਏ 'ਘੱਟ ਤੋਂ ਘੱਟਾਂ ਲੋੜਾਂ ਪੂਰੀ ਕਰਨ', ਪ੍ਰੋਗਰਾਮਾਂ ਅਧੀਨ ਪੰਜਵੀਂ ਯੋਜਨਾ ਨਾਲੋਂ ਦੁਗਣੀ ਰਾਸ਼ੀ ਰੱਖੀ ਗਈ ਹੈ । ਪੰਜਵੀਂ ਪੰਜ ਸਾਲਾ ਯੋਜਨਾ ਵਿਚ ਇਸ ਉਪਰ 2607 ਰੁਪਏ ਖਰਚੇ ਗਏ ਸਨ ਜਦ ਕਿ ਛੇਵੀਂ ਯੋਜਨਾ ਵਿਚ 4920 ਰੁਪਏ ਖਰਚੇ ਜਾਣਗੇ । ਜਦੋਂ ਸਾਰੇ ਲੋਕਾਂ ਨੂੰ ਚੰਗਾ ਖਾਣਾ ਮਿਲਣ ਲਗ ਪਏਗਾ ਅਤੇ ਲੋਕਾਂ ਨੂੰ ਡਾਕਟਰੀ ਸਹੂਲਤਾਂ ਆਮ ਮਿਲਣ ਲਗ ਜਾਣਗੀਆਂ ਉਦੋਂ ਅੰਨ੍ਹੇਪਣ ਦਾ ਵੀ ਨਾਮ ਨਿਸ਼ਾਨ ਮਿਟ ਜਾਏਗਾ ।